# 10. ਚਾਰ ਤਾਲ

ਪਖਾਵਜ ਦੀਆਂ ਪ੍ਰਚੱਲਿਤ ਤਾਲਾਂ ਵਿਚੋਂ ਚਾਰ ਤਾਲ ਵੀ ਇਕ ਪ੍ਰਸਿੱਧ ਤਾਲ ਹੈ। ਇਸ ਤਾਲ ਦਾ ਪ੍ਰਯੋਗ ਧਰੁਪਦ ਅੰਗ ਦੀ ਗਾਇਕੀ ਨਾਲ ਸੰਗਤ ਕਰਨ ਲਈ ਅਤੇ ਸੁਤੰਤਰ-ਵਾਦਨ ਵਿਚ ਵੀ ਕੀਤਾ ਜਾਂਦਾ ਹੈ। ਚਾਰ ਤਾਲ ਵਿਚ ਪਰਨ, ਰੇਲਾ, ਚਕਰਦਾਰ ਆਦਿ ਵਜਾਏ ਜਾਂਦੇ ਹਨ। ਇਹ ਗੰਭੀਰ ਪ੍ਰਕ੍ਰਿਤੀ ਦਾ ਤਾਲ ਹੈ ਅਤੇ ਇਸਨੂੰ ਖੁੱਲ੍ਹੇ ਹੱਥਾਂ ਨਾਲ ਵਜਾਇਆ ਜਾਂਦਾ ਹੈ।

ਇਸ ਤਾਲ ਦੀਆਂ 12 ਮਾਤ੍ਰਾਵਾਂ ਹੁੰਦੀਆਂ ਹਨ। ਦੋ-ਦੋ ਮਾਤ੍ਰਾਵਾਂ ਦੇ ਛੇ ਵਿਭਾਗ ਹੁੰਦੇ ਹਨ ! ਪਹਿਲੀ, ਪੰਜਵੀਂ, ਨੌਵੀਂ ਅਤੇ ਗਿਆਰ੍ਹਵੀਂ ਮਾਤ੍ਰਾ ਉਤੇ ਤਾਲੀ, ਤੀਜੀ ਅਤੇ ਸੱਤਵੀਂ ਮਾਤ੍ਰਾ ਤੇ ਖਾਲੀ ਹੁੰਦੀ ਹੈ।

| ਮਾਤ੍ਰਾ : | 1 | 2 | 3 | 4 | 5 | 6 |
|---|---|---|---|---|---|---|
| ਬੋਲ : | ਧਾ | ਧਾ | ਦਿੰ | ਤਾ | ਕਿਟ | ਧਾ |
| ਤਾਲ ਚਿੰਨ੍ਹ : | x | | 0 | | 2 | |

| ਮਾਤ੍ਰਾ : | 7 | 8 | 9 | 10 | 11 | 12 |
|---|---|---|---|---|---|---|
| ਬੋਲ : | ਦਿੰ | ਤਾ | ਤਿਟ | ਕਤ | ਗਦਿ | ਗਿਨ |
| ਤਾਲ ਚਿੰਨ੍ਹ : | 0 | | 3 | | 4 | |

**ਦੁਗੁਣ :**

| | | | |
|---|---|---|---|
| ਧਾਧਾ | ਦਿੰਤਾ | ਕਿਟ,ਧਾ | ਦਿੰਤਾ |
| x | | 0 | |
| ਤਿਟਕਤ | ਗਦਿਗਿਨ | ਧਾਧਾ | ਦਿੰਤਾ |
| 2 | | 0 | |
| ਕਿਟ,ਧਾ | ਦਿੰਤਾ | ਤਿਟਕਤ | ਗਦਿਗਿਨ |
| 3 | | 4 | |

# 8. ਸੂਲ ਤਾਲ

ਸੂਲ ਤਾਲ ਪਖ਼ਾਵਜ ਦਾ ਤਾਲ ਹੈ। ਇਸ ਦੀਆਂ ਸਾਰੀਆਂ ਵਿਸੇਸ਼ਤਾਵਾਂ ਤੀਵਰਾ ਤਾਲ ਦੀ ਤਰ੍ਹਾਂ ਹੀ ਹਨ। ਸੂਲ ਤਾਲ ਦੀਆਂ ਦਸ ਮਾਤ੍ਰਾਵਾਂ ਹੁੰਦੀਆਂ ਹਨ। ਦੋ-ਦੋ ਮਾਤ੍ਰਾਵਾਂ ਦੇ ਪੰਜ ਵਿਭਾਗ ਹੁੰਦੇ ਹਨ। ਪਹਿਲੀ, ਪੰਜਵੀਂ, ਸੱਤਵੀਂ ਮਾਤ੍ਰਾ 'ਤੇ ਤਾਲੀ, ਤੀਜੀ ਅਤੇ ਨੌਵੀਂ ਮਾਤ੍ਰਾ 'ਤੇ ਖਾਲੀ ਹੁੰਦੀ ਹੈ।

| | | | | | | |
|---|---|---|---|---|---|---|
| ਮਾਤ੍ਰਾ : | 1 | 2 | 3 | 4 | 5 | 6 |
| ਬੋਲ : | ਧਾ | ਧਾ | ਦਿੰ | ਤਾ | ਕਿਟ | ਧਾ |
| ਤਾਲ ਚਿੰਨ੍ਹ : | x | | 0 | | 2 | |

| | | | | |
|---|---|---|---|---|
| ਮਾਤ੍ਰਾ : | 7 | 8 | 9 | 10 |
| ਬੋਲ : | ਤਿਟ | ਕਤ | ਗਦਿ | ਗਿਨ |
| ਤਾਲ ਚਿੰਨ੍ਹ : | 3 | | 0 | |

**ਦੁਗੁਣ :**

| | | | | | |
|---|---|---|---|---|---|
| ਧਾਧਾ | ਦਿੰਤਾ | \| | ਕਿਟ,ਧਾ | ਤਿਟਕਤ | \| |
| x | | | 0 | | |
| ਗਦਿਗਿਨ | ਧਾਧਾ | \| | ਦਿੰਤਾ | ਕਿਟ,ਧਾ | \| |
| 2 | | | 3 | | |
| ਤਿਟਕਤ | ਗਦਿਗਿਨ | | | | |
| 0 | | | | | |

## ਧਮਾਰ ਤਾਲ

ਧਮਾਰ ਇਕ ਪ੍ਰਾਚੀਨ ਤਾਲ ਹੈ। ਅਜੋਕੇ ਸਮੇਂ ਵਿਚ 14 ਮਾਤਰਾ ਦੇ ਕਈ ਤਾਲ ਹਨ, ਜਿਸ ਤਰ੍ਹਾਂ ਕਿ ਦੀਪਚੰਦੀ, ਝੂਮਰਾ, ਆੜਾਚਾਰਤਾਲ ਆਦਿ। ਪਰ ਇਨ੍ਹਾਂ ਵਿਚੋਂ ਧਮਾਰ ਤਾਲ ਆਪਣੀ ਇਕ ਵੱਖਰੀ ਵਿਸ਼ੇਸ਼ਤਾ ਰੱਖਦਾ ਹੈ। ਧਮਾਰ ਇਕ ਕਠਿਨ ਤਾਲ ਹੈ। ਇਹ ਤਾਲ ਧਮਾਰ ਗਾਇਨ ਸ਼ੈਲੀ ਨਾਲ ਵਜਾਇਆ ਜਾਂਦਾ ਹੈ। ਇਸ ਤਾਲ ਦੇ 5+2+3+4 ਦੇ ਚਾਰ ਵਿਭਾਗ ਹਨ। ਇਸ ਦੀ 1,6,11 ਮਾਤਰਾ ਤੇ ਤਾਲੀ ਅਤੇ 8ਵੀਂ ਮਾਤਰਾ ਤੇ ਖਾਲੀ ਹੈ।

[redacted]।

ਇਕ ਗੁਣ

| | | | | | | | | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
| ਕ | ਧੀ | ਟ | ਧੀ | ਟ | ਧਾ | ऽ | ਗੇ | ਤਿ | ਟ | ਤਿ | ਟ | ਤਾ | ऽ |
| × | | | | | 2 | | 0 | | | 3 | | | |

ਦੁਗਣ

| | | | | | | | | | | | | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
| ਕਧੀ | ਟਧੀ | ਟਧਾ | ऽਗੇ | ਤਿਟ | ਤਿਟ | ਤਾऽ | ਕਧੀ | ਟਧੀ | ਟਧਾ | ऽਗੇ | ਤਿਟ | ਤਿਟ | ਤਾऽ |
| × | | | | | 2 | | 0 | | | 3 | | | |